# ਬਾਲ ਕਲਿਆਣ 'ਤੇ ADA ਅਤੇ ਅਪਾਹਜਤਾ ਦੇ ਅਧਿਕਾਰਾਂ ਦੇ ਪ੍ਰਭਾਵ ਨੂੰ ਸਮਝਣਾ



## ਪਰਿਭਾਸ਼ਾਵਾਂ

**ADA:** The Americans with Disabilities Act (ਅਪਾਹਜਤਵਾਂ ਵਾਲੇ ਅਮਰੀਕੀਆਂ ਦਾ ਕਾਨੂੰਨ)

**ਸਾਥੀ:** ਜਿਵੇਂ ਕਿ ਇਹ ਸਿਰਲੇਖ II ਅਤੇ ਧਾਰਾ 504 ਨਾਲ ਸਬੰਧਤ ਹੈ। ਬਾਲ ਕਲਿਆਣ ਦੀਆਂ ਸੇਵਾਵਾਂ ਦੀ ਮੰਗ ਕਰਨ ਜਾਂ ਪ੍ਰਾਪਤ ਕਰਨ ਵਾਲੇ ਵਿਅਕਤੀ ਦੇ ਪਰਿਵਾਰ ਦਾ ਕੋਈ ਵੀ ਮੈਂਬਰ, ਦੋਸਤ ਜਾਂ ਸਹਿਯੋਗੀ ਸ਼ਾਮਲ ਹੋ ਸਕਦਾ ਹੈ।

**DCYF:** Department of Children, Youth, and Families (ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦਾ ਵਿਭਾਗ)

**ਅਪਾਹਜਤਾ:** ADA ਅਤੇ ਧਾਰਾ 504 ਦੋਵੇਂ ਅਪਾਹਜਤਾ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ: "ਕੋਈ ਸਰੀਰਕ ਜਾਂ ਮਾਨਸਿਕ ਕਮਜ਼ੋਰੀ ਜੋ ਜੀਵਨ ਦੀਆਂ ਇੱਕ ਜਾਂ ਇੱਕ ਤੋਂ ਵੱਧ ਮੁੱਖ ਗਤੀਵਿਧੀਆਂ ਨੂੰ ਕਾਫ਼ੀ ਹੱਦ ਤੱਕ ਸੀਮਿਤ ਕਰਦੀ ਹੈ।" ਜੀਵਨ ਦੀਆਂ ਮੁੱਖ ਗਤੀਵਿਧੀਆਂ ਵਿੱਚ ਅਜਿਹੀਆਂ ਚੀਜ਼ਾਂ ਸ਼ਾਮਲ ਹਨ ਜਿਵੇਂ ਕਿ ਆਪਣੇ ਆਪ ਦਾ ਧਿਆਨ ਰੱਖਣਾ, ਹੱਥੀਂ ਕਰਨ ਵਾਲੇ ਕੰਮ ਕਰਨਾ, ਸਾਹ ਲੈਣਾ, ਬੋਲਣਾ, ਤੁਰਨਾ, ਪੜ੍ਹਨਾ, ਸਿੱਖਣਾ, ਧਿਆਨ ਕੇਂਦਰਤ ਕਰਨਾ, ਦੇਖਣਾ, ਸੁਣਨਾ, ਖਾਣਾ, ਸੌਣਾ, ਜਾਂ ਕੰਮ ਕਰਨਾ। ਜੀਵਨ ਦੀਆਂ ਮੁੱਖ ਗਤੀਵਿਧੀਆਂ ਵਿੱਚ ਸਰੀਰਿਕ ਕਾਰਜਾਂ ਨੂੰ ਕਰਨਾ ਵੀ ਸ਼ਾਮਲ ਹੁੰਦਾ ਹੈ, ਜਿਸ ਵਿੱਚ ਇਮਿਊਨ ਸਿਸਟਮ, ਪਾਚਨ, ਅੰਤੜੀਆਂ ਜਾਂ ਬਲੈਡਰਾਂ ਦੇ, ਤੰਤੂ ਵਿਗਿਆਨਕ, ਦਿਮਾਗ, ਜਾਂ ਪ੍ਰਜਨਨ ਦੇ ਕਾਰਜਾਂ ਵਰਗੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ।

**ਧਾਰਾ 504:** 1973 ਦੇ ਪੁਨਰਵਾਸ ਕਾਨੂੰਨ ਦੀ ਧਾਰਾ 504 ਇੱਕ ਸੰਘੀ ਕਾਨੂੰਨ ਹੈ ਜੋ ਵਿਅਕਤੀਆਂ ਨੂੰ ਅਪਾਹਜਤਾ ਦੇ ਆਧਾਰ 'ਤੇ ਵਿਤਕਰੇ ਤੋਂ ਬਚਾਉਂਦਾ ਹੈ। ਧਾਰਾ 504 ਵਿਚ ਦੱਸਿਆ ਗਿਆ ਹੈ ਕਿ ਅਪਾਹਜਤਾ ਵਾਲੇ ਕਿਸੇ ਯੋਗ ਵਿਅਕਤੀ ਨੂੰ ਸੰਘੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੀ ਕਿਸੇ ਵੀ ਸੰਸਥਾ ਦੀਆਂ ਸੇਵਾਵਾਂ, ਪ੍ਰੋਗਰਾਮਾਂ, ਜਾਂ ਗਤੀਵਿਧੀਆਂ ਦੇ ਲਾਭਾਂ ਵਿੱਚ ਭਾਗੀਦਾਰੀ ਤੋਂ ਬਾਹਰ ਨਹੀਂ ਰੱਖਿਆ ਜਾਵੇਗਾ ਜਾਂ ਇਨਕਾਰ ਨਹੀਂ ਕੀਤਾ ਜਾਵੇਗਾ।

**ਸਿਰਲੇਖ II:** ADA ਦੇ ਸਿਰਲੇਖ II ਵਿੱਚ ਇਸ ਗੱਲ ਦੀ ਮਨਾਹੀ ਹੈ ਕਿ ਯੋਗਤਾ ਵਾਲੀ ਅਪਾਹਜਤਾ ਵਾਲੇ ਕਿਸੇ ਵਿਅਕਤੀ ਨੂੰ ਕਿਸੇ ਜਨਤਕ ਇਕਾਈ ਦੀਆਂ ਸੇਵਾਵਾਂ, ਪ੍ਰੋਗਰਾਮਾਂ, ਜਾਂ ਗਤੀਵਿਧੀਆਂ ਦੇ ਲਾਭਾਂ ਵਿੱਚ ਭਾਗੀਦਾਰੀ ਤੋਂ ਬਾਹਰ ਰੱਖਿਆ ਜਾਵੇ, ਜਾਂ ਅਜਿਹੀ ਸੰਸਥਾ ਦੁਆਰਾ ਵਿਤਕਰੇ ਦਾ ਸ਼ਿਕਾਰ ਹੋਵੇ। ਸਿਰਲੇਖ II ਵਿੱਚ ਬਾਲ ਕਲਿਆਣ ਦੀਆਂ ਏਜੰਸੀਆਂ ਅਤੇ ਅਦਾਲਤੀ ਪ੍ਰਣਾਲੀਆਂ ਸ਼ਾਮਲ ਹੁੰਦੀਆਂ ਹਨ।

## ਜ਼ਿੰਮੇਵਾਰੀ

- ਏਜੰਸੀ ਅਤੇ ਉਸਦੇ ਕਰਮਚਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੇਵਾਵਾਂ DCYF ਨਾਲ ਜੁੜੇ ਮਾਪਿਆਂ ਅਤੇ ਅਪਾਹਜ ਬੱਚਿਆਂ ਲਈ ਪਹੁੰਚਯੋਗ ਹੋਣ।
- ਸੇਵਾਵਾਂ ਅਤੇ ਪ੍ਰੋਗਰਾਮਾਂ ਨੂੰ ਇਹ ਯਕੀਨੀ ਬਣਾਉਣ ਲਈ ਸੋਧਿਆ ਜਾਣਾ ਚਾਹੀਦਾ ਹੈ ਤਾਂ ਜੋ ਭਾਗੀਦਾਰ ਉਹਨਾਂ ਤੋਂ ਲਾਭ ਲੈ ਸਕਣ।
- ਪ੍ਰੋਗਰਾਮਾਂ ਨੂੰ ਅਪਾਹਜਤਾਵਾਂ ਵਾਲੇ ਲੋਕਾਂ ਨੂੰ ਹੋਂਦ ਦੇ ਪ੍ਰੋਗਰਾਮਾਂ, ਸੇਵਾਵਾਂ ਅਤੇ ਗਤੀਵਿਧੀਆਂ ਵਿੱਚ ਹਿੱਸਾ ਲੈਣ ਅਤੇ ਉਹਨਾਂ ਤੋਂ ਲਾਭ ਲੈਣ ਦਾ ਬਰਾਬਰ ਮੌਕਾ ਪ੍ਰਦਾਨ ਕਰਨਾ ਚਾਹੀਦਾ ਹੈ।
- ਪ੍ਰੋਗਰਾਮਾਂ ਨੂੰ ਭੇਦਭਾਵ ਤੋਂ ਬਚਣ ਲਈ ਲੋੜ ਪੈਣ 'ਤੇ ਨੀਤੀਆਂ, ਅਭਿਆਸਾਂ ਅਤੇ ਪ੍ਰਕਿਰਿਆਵਾਂ ਵਿੱਚ ਉਚਿਤ ਸੋਧਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।
- DCYF ਅਤੇ ਉਸਦੇ ਕਰਮਚਾਰੀ ਇਹ ਯਕੀਨੀ ਬਣਾਉਣ ਲਈ ਢੁਕਵੇਂ ਕਦਮ ਚੁੱਕਣਗੇ ਕਿ ਬਿਨੈਕਾਰਾਂ, ਭਾਗੀਦਾਰਾਂ, ਜਨਤਾ ਦੇ ਮੈਂਬਰਾਂ, ਅਤੇ ਅਪਾਹਜਤਾਵਾਂ ਵਾਲੇ ਸਾਥੀਆਂ ਦੇ ਨਾਲ ਗੱਲਾਂ-ਬਾਤਾਂ ਸਹਾਇਕ ਸਹਾਇਤਾਵਾਂ ਅਤੇ ਸੇਵਾਵਾਂ ਦੇ ਪ੍ਰਬੰਧ ਰਾਹੀਂ ਪ੍ਰਭਾਵਸ਼ਾਲੀ ਹੋਣ।

DCYF ਅਤੇ ਉਸਦੇ ਕਰਮਚਾਰੀਆਂ ਦੀ ਵਿਅਕਤੀਗਤ ਕੇਸ ਸੇਵਾ ਯੋਜਨਾ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਹੈ ਜੋ ਕਿ ਕਿਸੇ ਵਿਅਕਤੀ ਦੀ ਅਪਾਹਜਤਾ ਦੇ ਆਧਾਰ 'ਤੇ ਧਾਰਨਾਵਾਂ ਤੋਂ ਮੁਕਤ ਹੈ। ਏਜੰਸੀ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ ਕਿ Washington ਦੇ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਨੂੰ DCYF ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਦਾ ਪੂਰਾ ਅਤੇ ਬਰਾਬਰ ਮੌਕਾ ਮਿਲੇ।

ADA ਦੀਆਂ ਅਨੁਕੂਲਤਾਵਾਂ ਦੇ ਸੰਬੰਧ ਵਿੱਚ ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ 360-480-7230 'ਤੇ ADA ਕੋਆਰਡੀਨੇਟਰ ਨਾਲ ਸੰਪਰਕ ਕਰੋ ਜਾਂ ਈਮੇਲ ਕਰੋ **dcyf.adaaccessibility@dcyf.wa.gov** 'ਤੇ।

## ADA ਅਤੇ ਧਾਰਾ 504 ਦੇ ਸਿਰਲੇਖ II ਦੇ ਅਧੀਨ ਬੁਨਿਆਦੀ ਸਿਧਾਂਤ

### ਵਿਅਕਤੀਗਤ ਇਲਾਜ਼।

ਅਪਾਹਜਤਾਵਾਂ ਵਾਲੇ ਵਿਅਕਤੀਆਂ ਨਾਲ ਤੱਥਾਂ ਅਤੇ ਵਸਤੂਪਰਕ ਸਬੂਤਾਂ ਦੇ ਅਨੁਸਾਰ ਵੱਖ-ਵੱਖ ਕੇਸ ਦੇ ਆਧਾਰ 'ਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਉਦਾਹਰਨ ਵੱਜੋਂ, ਕਿਸੇ ਵਿਅਕਤੀਗਤ ਮੁਲਾਂਕਣ ਦੁਆਰਾ ਅਸਮਰਥਿਤ, ਰੂੜ੍ਹੀਵਾਦੀ ਆਸਥਾ ਦੇ ਆਧਾਰ 'ਤੇ ਅਪਾਹਜਤਾ ਵਾਲੇ ਮਾਪਿਆਂ ਤੋਂ ਬੱਚਿਆਂ ਨੂੰ ਅਲੱਗ ਕਰਨਾ, ਕਿਉਂਕਿ ਅਪਹਾਜਤਾ ਵਾਲੇ ਲੋਕ ਸੁਰੱਖਿਅਤ ਢੰਗ ਨਾਲ ਮਾਤਾ-ਪਿਤਾ ਬਣਨ ਵਿੱਚ ਅਸਮਰੱਥ ਹਨ, ਦੀ ਮਨਾਹੀ ਹੈ। 2021 Washington ਸੁਪਰੀਮ ਕੋਰਟ ਦੇ ਫੈਸਲੇ M.A.S.C ਦੁਆਰਾ ਵਿਅਕਤੀਗਤ ਇਲਾਜ 'ਤੇ ਜ਼ੋਰ ਦਿੱਤਾ ਗਿਆ ਸੀ।

**ਉਦਾਹਰਨ:** ਸੁਰੱਖਿਆ ਖਤਰਿਆਂ ਦੇ ਬਾਰੇ ਗੱਲ-ਬਾਤ ਕਰਦੇ ਸਮੇਂ, ਗੱਲ-ਬਾਤ ਮਾਤਾ-ਪਿਤਾ ਦੇ ਵਿਹਾਰ ਅਤੇ/ਜਾਂ ਕਾਰਵਾਈਆਂ 'ਤੇ ਕੇਂਦਰਿਤ ਹੋਣੀ ਚਾਹੀਦੀ ਹੈ। ਕਿਸੇ ਅਪਾਹਜਤਾ ਦੀ ਸਿਰਫ਼ ਮੌਜੂਦਗੀ ਨੂੰ ਸੁਰੱਖਿਆ ਦੇ ਲਈ ਖਤਰੇ ਵਜੋਂ ਸੂਚੀਬੱਧ ਨਹੀਂ ਕੀਤਾ ਜਾਣਾ ਜਾਂ ਨਹੀਂ ਦੇਖਿਆ ਜਾਣਾ ਚਾਹੀਦਾ ਹੈ।

## ਪੂਰਾ ਅਤੇ ਬਰਾਬਰ ਮੌਕਾ।

ਅਪਾਹਜਤਾ ਵਾਲੇ ਵਿਅਕਤੀਆਂ ਨੂੰ ਬਾਲ ਕਲਿਆਣ ਪ੍ਰੋਗਰਾਮਾਂ, ਸੇਵਾਵਾਂ, ਅਤੇ ਗਤੀਵਿਧੀਆਂ ਤੋਂ ਲਾਭ ਲੈਣ ਜਾਂ ਉਹਨਾਂ ਵਿੱਚ ਭਾਗ ਲੈਣ ਲਈ ਉਹੀ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ ਜੋ ਸਾਧਾਰਣ ਵਿਅਕਤੀਆਂ ਨੂੰ ਦਿੱਤੇ ਜਾਣ ਵਾਲੇ ਮੌਕਿਆਂ ਦੇ ਬਰਾਬਰ ਹੁੰਦੇ ਹਨ। ਪੂਰੇ ਅਤੇ ਬਰਾਬਰ ਮੌਕੇ ਪ੍ਰਦਾਨ ਕਰਨ ਵਿੱਚ, ਬਾਲ ਕਲਿਆਣ ਏਜੰਸੀ ਨੂੰ ਵਾਜਬ ਸੋਧਾਂ ਕਰਨੀਆਂ ਚਾਹੀਦੀਆਂ ਹਨ ਅਤੇ ਪ੍ਰਭਾਵਸ਼ਾਲੀ ਗੱਲ-ਬਾਤ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

### a. ਉਚਿਤ ਸੋਧ

ਉਚਿਤ ਸੋਧ ਪ੍ਰਦਾਨ ਕਰਨ ਲਈ DCYF ਨੂੰ ਉਹੀ ਨਤੀਜਾ ਪ੍ਰਾਪਤ ਕਰਨ ਜਾਂ ਉਹੀ ਲਾਭ ਪ੍ਰਾਪਤ ਕਰਨ ਦੇ ਬਰਾਬਰ ਮੌਕੇ ਨੂੰ ਯਕੀਨੀ ਬਣਾਉਣ ਲਈ ਲੋੜ ਪੈਣ 'ਤੇ ਦੂਜੇ ਮਾਪਿਆਂ ਨੂੰ ਪ੍ਰਦਾਨ ਕੀਤੀਆਂ ਗਈਆਂ ਬਿਹਤਰ, ਵਾਧੂ, ਜਾਂ ਪੂਰਕ ਸਹਾਇਤਾਵਾਂ, ਲਾਭ ਅਤੇ ਸੇਵਾਵਾਂ ਪ੍ਰਦਾਨ ਕਰਨ ਦੀ ਲੋੜ ਹੋ ਸਕਦੀ ਹੈ। 2021 Washington M.A.S.C ਦੇ ਫੈਸਲੇ ਨੇ ਬੌਧਿਕ/ਵਿਕਾਸ ਸੰਬੰਧੀ ਅਪਾਹਜਤਾਵਾਂ ਜਾਂ ਹੋਰ ਸਮਾਨ ਤੰਤੂ ਵਿਗਿਆਨਕ ਬਿਮਾਰੀਆਂ ਵਾਲੇ ਮਾਪਿਆਂ ਲਈ ਉਚਿਤ ਸੋਧਾਂ ਕਰਨ ਦੀ ਮਹੱਤਤਾ ਨੂੰ ਉਜਾਗਰ ਕੀਤਾ ਸੀ।

**ਉਦਾਹਰਨ 1:** ਜੇਕਰ ਮਾਪਿਆਂ ਲਈ ਪਾਲਣ-ਪੋਸ਼ਣ ਕਰਨ ਦੀਆਂ ਕਲਾਸਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਕਿਸੇ intellectual disability (ਬੌਧਿਕ ਅਪਾਹਜਤਾ) ਵਾਲੇ ਮਾਤਾ-ਪਿਤਾ ਨੂੰ ਦੁਹਰਾਉਣ ਅਤੇ ਅਭਿਆਸ ਕਰਨ ਲਈ ਇੱਕ ਵੱਖਰੀ ਵਿਧੀ ਜਾਂ ਵਧੇਰੇ ਦਿਸ਼ਾ-ਨਿਰਦੇਸ਼ ਦੇ ਸਮੇਂ ਦੀ ਲੋੜ ਹੁੰਦੀ ਹੈ, ਤਾਂ ਏਜੰਸੀ ਨੂੰ ਮਾਪਿਆਂ ਨੂੰ ਵੱਧ ਸਮਾਂ ਅਤੇ/ਜਾਂ ਸਿਖਾਉਣ ਦਾ ਤਰੀਕਾ ਪ੍ਰਦਾਨ ਕਰਨਾ ਚਾਹੀਦਾ ਹੈ ਜਿਸਦੀ ADA ਦੇ ਤਹਿਤ ਇੱਕ ਵਾਜਬ ਸੋਧ ਦੇ ਰੂਪ ਵਿੱਚ ਮਾਤਾ-ਪਿਤਾ ਨੂੰ ਲੋੜ ਹੈ।

**ਉਦਾਹਰਨ 2:** ਬੋਧਾਤਮਕ ਕਮਜ਼ੋਰੀ ਵਾਲੇ ਮਾਤਾ-ਪਿਤਾ, ਜਿਵੇਂ ਕਿ ਬੌਧਿਕ/ਵਿਕਾਸ ਸੰਬੰਧੀ ਅਪਾਹਜਤਾਵਾਂ ਸਮੇਤ, ਗੰਭੀਰ ਦਿਮਾਗੀ ਸੱਟ ਜਾਂ ਹੋਰ ਤੰਤੂ-ਵਿਗਿਆਨਕ ਬਿਮਾਰੀਆਂ, ਵਿੱਚ ਬੋਧਾਤਮਕ ਪ੍ਰਕਿਰਿਆਵਾਂ ਜਾਂ ਮਾਨਸਿਕ ਹੁਨਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਘਾਟੇ ਹੋ ਸਕਦੇ ਹਨ ਜੋ ਕਿਸੇ ਵਿਅਕਤੀਗਤ ਯੋਜਨਾ, ਨਿਗਰਾਨੀ, ਅਤੇ ਉਹਨਾਂ ਦੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੇ ਹਨ। ਇਹਨਾਂ ਹੁਨਰਾਂ ਜਾਂ ਪ੍ਰਕਿਰਿਆਵਾਂ ਨੂੰ ਅਕਸਰ ਕਾਰਜਕਾਰੀ ਕੰਮ-ਕਾਜਾਂ ਵਜੋਂ ਜਾਣਿਆ ਜਾਂਦਾ ਹੈ ਅਤੇ ਇਹਨਾਂ ਵਿੱਚ ਧਿਆਨਪੂਰਨ ਨਿਯੰਤਰਣ, ਕਾਰਜਸ਼ੀਲ ਯਾਦਾਸ਼ਤ, ਰੋਕ, ਅਤੇ ਸਮੱਸਿਆ ਹੱਲ ਕਰਨਾ ਵਰਗੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ। ਕਾਰਜਕਾਰੀ ਕੰਮ-ਕਾਜ ਵਿੱਚ ਕਮੀਆਂ ਦਾ ਅਨੁਭਵ ਕਰਨ ਵਾਲੇ ਕੁਝ ਵਿਅਕਤੀਆਂ ਨੂੰ ਸਮਝ ਵਿੱਚ ਸਹਾਇਤਾ ਲਈ ਮੀਟਿੰਗਾਂ ਅਤੇ ਸੁਣਵਾਈਆਂ ਦੇ ਦੌਰਾਨ ਇੱਕ ਨੋਟ ਲੈਣ ਵਾਲੇ ਵਿਅਕਤੀ ਜਾਂ ਵਿਹਾਰਕ ਕੈਪਸ਼ਨਿੰਗ ਪ੍ਰਦਾਨ ਕਰਨ ਦੀ ਲੋੜ ਹੋ ਸਕਦੀ ਹੈ। ਅਜਿਹੀ ਸੇਵਾ ਦੀ ਵਿਵਸਥਾ ਨੂੰ ਇੱਕ ਉਚਿਤ ਸੋਧ ਵਜੋਂ ਅਤੇ ADA ਦੇ ਤਹਿਤ ਪ੍ਰਭਾਵਸ਼ਾਲੀ ਗੱਲ-ਬਾਤ ਪ੍ਰਦਾਨ ਕਰਨ ਵਜੋਂ ਮੰਨਿਆ ਜਾਵੇਗਾ।

### b. ਪ੍ਰਭਾਵਸ਼ਾਲੀ ਗੱਲ-ਬਾਤ

DCYF ਨੂੰ ADA ਦੇ ਤਹਿਤ ਪ੍ਰਭਾਵਸ਼ਾਲੀ ਗੱਲ-ਬਾਤ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬੋਧਾਤਮਕ ਅਪਾਹਜਤਾ ਵਾਲੇ ਮਾਪੇ ਪੇਸ਼ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਸਮਝਦੇ ਹਨ।

ਢੁਕਵੇਂ ਕਦਮ — ਸਹਾਇਤਾਵਾਂ ਅਤੇ ਸੇਵਾਵਾਂ ਦੇ ਪ੍ਰਬੰਧ ਸਮੇਤ, ਜਿਵੇਂ ਕਿ ਸੈਨਤ ਭਾਸ਼ਾ ਦੇ ਦੁਭਾਸ਼ੀਏ, ਨੋਟ ਲੈਣ ਵਾਲੇ ਵਿਅਕਤੀ, ਸਾਦੀ ਭਾਸ਼ਾ ਦੀ ਵਰਤੋਂ ਕਰਦੇ ਹੋਏ, ਅਤੇ ਹੋਰ — ਇਹ ਯਕੀਨੀ ਬਣਾਉਣ ਲਈ ਚੁੱਕੇ ਜਾਣੇ ਚਾਹੀਦੇ ਹਨ ਕਿ ਗੱਲ-ਬਾਤ ਅਤੇ ਪ੍ਰੀਕ੍ਰਿਆ ਕਰਨ ਵਾਲੀਆਂ ਅਪਾਹਜਤਾਵਾਂ ਵਾਲੇ ਵਿਅਕਤੀ ਸਾਧਾਰਣ ਵਿਅਕਤੀਆਂ ਵਾਂਗ ਇਹ ਸਮਝਦੇ ਹਨ ਕਿ ਕੀ ਕਿਹਾ ਜਾਂ ਲਿਖਿਆ ਗਿਆ ਹੈ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰ ਸਕਦੇ ਹਨ। ਬਾਲ ਕਲਿਆਣ ਦੀਆਂ ਏਜੰਸੀਆਂ ਨੂੰ ਵਿਅਕਤੀ ਦੁਆਰਾ ਬੇਨਤੀ ਕੀਤੀ ਗਈ ਸਹਾਇਤਾ ਜਾਂ ਸੇਵਾ 'ਤੇ ਮੁਢਲਾ ਧਿਆਨ ਦੇਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਕੁਝ ਵਿਅਕਤੀਆਂ ਨੂੰ ਪਤਾ ਨਾ ਹੋਵੇ ਕਿ ਕੀ ਗੱਲ-ਬਾਤ ਕੀਤੀ ਜਾ ਰਹੀ ਹੈ, ਇਹ ਸਮਝਣ ਵਿੱਚ ਉਹਨਾਂ ਦੀ ਮਦਦ ਕਰਨ ਲਈ ਕਿਹੋ ਜਿਹੀਆਂ ਸਹਾਇਤਾਵਾਂ ਜਾਂ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ। ਜੇਕਰ ਸਵਾਲ ਪੈਦਾ ਹੁੰਦੇ ਹਨ ਕਿ ਪ੍ਰਭਾਵਸ਼ਾਲੀ ਸੰਚਾਰ ਨੂੰ ਯਕੀਨੀ ਬਣਾਉਣ ਲਈ ਕਿਹੜੀ ਸਹਾਇਤਾ ਜਾਂ ਸੇਵਾ ਪ੍ਰਦਾਨ ਕਰਨੀ ਚਾਹੀਦੀ ਹੈ, ਤਾਂ DCYF ਦੇ ADA ਕੋਆਰਡੀਨੇਟਰ ਨਾਲ ਸੰਪਰਕ ਕਰੋ।

ਸਹਾਇਤਾ ਅਤੇ ਸੇਵਾਵਾਂ ਦੀਆਂ ਉਦਾਹਰਨਾਂ ਵਿੱਚ, ਦੂਜਿਆਂ ਵਿੱਚ, ਯੋਗ ਦੁਭਾਸ਼ੀਏ, ਨੋਟ ਲੈਣ ਵਾਲੇ ਵਿਅਕਤੀ, ਵਿਹਾਰਕ ਕੈਪਸ਼ਨਿੰਗ, ਪਹੁੰਚਯੋਗ ਇਲੈਕਟ੍ਰਾਨਿਕ ਅਤੇ ਸੂਚਨਾ ਦੀ ਟੈਕਨਾਲੋਜੀ, ਲਿਖਤੀ ਸਮੱਗਰੀ, ਅਤੇ ਸਹਾਇਤਾ ਨਾਲ ਸੁਣਨ ਵਾਲੇ ਯੰਤਰ ਜਾਂ ਸਿਸਟਮ, ਆਡੀਓ ਰਿਕਾਰਡਿੰਗਾਂ, ਬਰੇਲ ਸਮੱਗਰੀਆਂ, ਵੱਡੀ ਛਪੀਆਂ ਹੋਈਆਂ ਸਮੱਗਰੀਆਂ, ਆਦਿ ਸ਼ਾਮਲ ਹਨ।

ਪ੍ਰਭਾਵਸ਼ਾਲੀ ਗੱਲ-ਬਾਤ ਦੀ ਵਿਵਸਥਾ, ਸ਼ਾਮਲ ਲੋਕਾਂ ਦੀ ਸੰਖਿਆ, ਅਤੇ ਗੱਲ-ਬਾਤ ਦੇ ਵਿਸ਼ੇ ਦੇ ਆਧਾਰ 'ਤੇ ਬਦਲ ਸਕਦੀ ਹੈ। ਸਹਾਇਤਾ ਜਾਂ ਸੇਵਾ ਦੀ ਕਿਸਮ ਅਪਾਹਜਤਾ ਵਾਲੇ ਵਿਅਕਤੀ ਦੁਆਰਾ ਵਰਤੀ ਜਾਂਦੀ ਗੱਲ-ਬਾਤ ਦੀ ਵਿਧੀ; ਪ੍ਰਕਿਰਤੀ, ਲੰਬਾਈ, ਅਤੇ ਸ਼ਾਮਲ ਗੱਲ-ਬਾਤ ਦੀ ਜਟਿਲਤਾ; ਅਤੇ ਜਿਸ ਸੰਦਰਭ ਵਿੱਚ ਗੱਲ-ਬਾਤ ਹੋ ਰਹੀ ਹੈ, ਦੇ ਅਨੁਸਾਰ ਵੱਖਰੀ ਹੋਵੇਗੀ।

**ਉਦਾਹਰਨ 1:** ਮਾਪੇ ਜੋ ਕਿ ਗੂੰਗੇ/ਬੋਲੇ ਹਨ ਉਹਨਾਂ ਨੂੰ ਸ਼ਾਮਲ ਕਰਨ ਵਾਲੀਆਂ ਕੇਸ ਮੀਟਿੰਗਾਂ ਲਈ, ਵਿਅਕਤੀਗਤ ਤੌਰ 'ਤੇ ਸੈਨਤ ਭਾਸ਼ਾ ਦੇ ਦੁਭਾਸ਼ੀਏ ਪ੍ਰਦਾਨ ਕਰਨ ਦੀ ਲੋੜ ਹੋ ਸਕਦੀ ਹੈ। ਇੱਕ ਸਾਧਾਰਣ ਸੁਨੇਹੇ ਲਈ ਜਿਵੇਂ ਕਿ ਮੁਲਾਕਾਤ ਦੀ ਮਿਤੀ ਜਾਂ ਪਤਾ, ਹੱਥ ਨਾਲ ਲਿਖਿਆ ਹੋਇਆ ਨੋਟ ਜਾਂ ਟੈਕਸਟ ਕਾਫ਼ੀ ਹੋ ਸਕਦਾ ਹੈ।

*ਨੋਟ: ਨੋਟ ਲਿਖ ਕੇ ਗੱਲ-ਬਾਤ ਕਰਨਾ ਬਹੁਤ ਹੀ ਸਧਾਰਨ ਗੱਲ-ਬਾਤ ਲਈ ਵਰਤਿਆ ਜਾ ਸਕਦਾ ਹੈ। ਸੈਨਤ ਭਾਸ਼ਾ ਇੱਕ ਵੱਖਰੀ ਭਾਸ਼ਾ ਹੁੰਦੀ ਹੈ ਅਤੇ ਆਪਣੇ ਆਪ ਵਿੱਚ, ਇਹ ਅੰਗਰੇਜ਼ੀ ਨਹੀਂ ਹੁੰਦੀ ਹੈ, ਇਸ ਤਰ੍ਹਾਂ ਜਿਹੜੇ ਵਿਅਕਤੀ ਸੈਨਤ ਭਾਸ਼ਾ ਬੋਲਦੇ ਹਨ ਉਹਨਾਂ ਕੋਲ ਲਿਖਤੀ ਅੰਗਰੇਜ਼ੀ ਨੂੰ ਸਮਝਣ ਲਈ ਵੱਖੋ-ਵੱਖਰੀਆਂ ਯੋਗਤਾਵਾਂ ਹੁੰਦੀਆਂ ਹਨ।*

**ਉਦਾਹਰਨ 2:** ਕਿਸੇ ਨੋਟ ਲੈਣ ਵਾਲੇ ਵਿਅਕਤੀ ਦੀ ਵਿਵਸਥਾ ਇੱਕ ਕੇਸ ਵਰਕਰ ਅਤੇ ਮਾਤਾ-ਪਿਤਾ ਵਿਚਕਾਰ ਮੀਟਿੰਗਾਂ ਲਈ ਕਾਫੀ ਹੋ ਸਕਦੀ ਹੈ, ਪਰ ਵਧੇਰੇ ਜਟਿਲ ਮੀਟਿੰਗਾਂ ਜਿਵੇਂ ਕਿ ਫੈਮਿਲੀ ਟੀਮ ਡਿਸੀਜ਼ਨ ਮੀਟਿੰਗ, ਸ਼ੇਅਰਡ ਪਲਾਨਿੰਗ ਮੀਟਿੰਗਾਂ, ਆਦਿ ਲਈ ਵਿਹਾਰਕ ਕੈਪਸ਼ਨਿੰਗ ਦੀ ਲੋੜ ਹੋ ਸਕਦੀ ਹੈ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਕੋਲ ਕਿਸੇ ਅਪਾਹਜ ਵਿਅਕਤੀ ਦਾ ਕੇਸ ਹੈ ਜਿਸ ਵਿੱਚ ਪ੍ਰਭਾਵਸ਼ਾਲੀ ਗੱਲ-ਬਾਤ ਨੂੰ ਯਕੀਨੀ ਬਣਾਉਣ ਲਈ ਉਚਿਤ ਸੋਧਾਂ ਜਾਂ ਸਹਾਇਕ ਸਹਾਇਤਾਵਾਂ ਜਾਂ ਸੇਵਾਵਾਂ ਦੀ ਲੋੜ ਹੋ ਸਕਦੀ ਹੈ, ਤਾਂ ਕਿਰਪਾ ਕਰਕੇ DCYF ਦੇ ADA ਕੋਆਰਡੀਨੇਟਰ ਨਾਲ 360-480-7230 'ਤੇ ਜਾਂ **dcyf.adaaccessibility@dcyf.wa.gov** 'ਤੇ ਈਮੇਲ ਰਾਹੀਂ ਸੰਪਰਕ ਕਰੋ।

*DCYF ਵਿਤਕਰਾ ਨਹੀਂ ਕਰਦਾ ਹੈ ਅਤੇ ਨਸਲ, ਰੰਗ, ਲਿੰਗ, ਧਰਮ, ਦੀਨ, ਵਿਆਹੁਤਾ ਸਥਿਤੀ, ਰਾਸ਼ਟਰੀ ਮੂਲ, ਨਾਗਰਿਕਤਾ ਜਾਂ ਇਮੀਗ੍ਰੇਸ਼ਨ ਦੀ ਸਥਿਤੀ, ਉਮਰ, ਜਿਨਸੀ ਝੁਕਾਅ ਜਾਂ ਲਿੰਗ ਦੀ ਪਛਾਣ, ਬਜ਼ੁਰਗ ਜਾਂ ਫੌਜੀ ਸਥਿਤੀ, ਕਿਸੇ ਦੁੱਧ ਚੁੰਘਾਉਣ ਵਾਲੀ ਮਾਂ ਵਜੋਂ ਸਥਿਤੀ, ਅਤੇ ਕਿਸੇ ਸਰੀਰਕ, ਸੰਵੇਦੀ, ਜਾਂ ਮਾਨਸਿਕ ਅਪਾਹਜਤਾ ਦੀ ਮੌਜੂਦਗੀ ਜਾਂ ਕੁੱਤੇ ਦੀ ਗਾਈਡ ਜਾਂ ਸੇਵਾ ਵਾਲੇ ਜਾਨਵਰ ਦੀ ਵਰਤੋਂ। ਜੇ ਤੁਸੀਂ ਇਸ ਪ੍ਰਕਾਸ਼ਨ ਦੀਆਂ ਮੁਫ਼ਤ ਕਾਪੀਆਂ ਕਿਸੇ ਵਿਕਲਪਕ ਫਾਰਮੈਟ ਜਾਂ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 1-800-723-4831 'ਤੇ DCYF Constituent Relations (DCYF ਸੰਵਿਧਾਨਕ ਸਬੰਧ) ਨਾਲ ਸੰਪਰਕ ਕਰੋ ਜਾਂ **communications@dcyf.wa.gov** 'ਤੇ ਈਮੇਲ ਕਰੋ।*

DCYF PUBLICATION ADM_0024 PJ (03-2024) Punjabi